Punjab ICT Education Society

DEPARTMENT OF SCHOOL EDUCATION

ਸੈਸ਼ਨ 2020-21

ਸ਼ੀਟ ਨੰ: 07

# ਈ-ਸ਼ਬਦ



## ਅੱਜ ਦਾ ਸ਼ਬਦ "ਸਾਫਟਵੇਅਰ"

"ਸਾਫਟਵੇਅਰ" ਤੋਂ ਭਾਵ ਹੈ ਹਦਾਇਤਾਂ ਅਤੇ ਡਾਟਾ ਦਾ ਸਮੂਹ ਜੋ ਕਿ ਕੰਪਿਊਟਰ ਸਿਸਟਮ ਨੂੰ ਚਲਾਉਣ ਵਿੱਚ ਮਦਦ ਕਰਦਾ ਹੈ। ਹਾਰਡਵੇਅਰ ਅਤੇ ਸਾਫਟਵੇਅਰ ਵਿੱਚ ਸੰਬੰਧ ਸ਼ਰੀਰ ਅਤੇ ਆਤਮਾਂ ਵਾਲਾ ਹੈ। ਹਾਰਡਵੇਅਰ ਕੰਪਿਊਟਰ ਸਿਸਟਮ ਦੇ ਸਾਰੇ ਭੌਤਿਕ ਭਾਗ ਹੁੰਦੇ ਹਨ ਜਦੋਂ ਕਿ ਸਾਫਟਵੇਅਰ ਉਹ ਪ੍ਰੋਗਰਾਮਜ਼ (Programs)ਹੁੰਦੇ ਹਨ ਜੋ ਹਾਰਡਵੇਅਰ ਨੂੰ ਕੰਮ ਕਰਨ ਯੋਗ ਬਣਾਉਂਦੇ ਹਨ। ਸਾਫਟਵੇਅਰ ਦਾ ਕੋਈ ਭਾਰ ਨਹੀਂ ਹੁੰਦਾ ਅਤੇ ਇਹ ਨਾ ਹੀ ਛੂਹੇ ਜਾ ਸਕਦੇ ਹਨ। ਇਹਨਾਂ ਨੂੰ ਹਾਰਡਵੇਅਰ ਦੇ ਕੰਮਾਂ ਦੇ ਰੂਪ ਵਿੱਚ ਕੇਵਲ ਮਹਿਸੂਸ ਕੀਤਾ ਜਾ ਸਕਦਾ ਹੈ। ਜੇਕਰ ਅਸੀਂ ਉਦਾਹਰਣ ਦੇ ਤੌਰ ਤੇ ਦੇਖਦੇ ਹਾਂ ਤਾਂ ਬਿਜਲੀ ਦੀ ਇੱਕ ਤਾਰ ਨੂੰ ਹਾਰਡਵੇਅਰ ਕਿਹਾ ਜਾ ਸਕਦਾ ਹੈ ਅਤੇ ਉਸ ਤਾਰ ਵਿੱਚੋਂ ਜਾ ਰਹੇ ਕਰੰਟ (Current) ਨੂੰ ਅਸੀਂ ਸਾਫਟਵੇਅਰ ਕਿਹ ਸਕਦੇ ਹਾਂ। ਅਸੀਂ ਤਾਰ ਨੂੰ ਦੇਖ ਸਕਦੇ ਹਾਂ ਪਰੰਤੂ ਕਰੰਟ ਨੂੰ ਨਹੀਂ।

ਸਾਫਟਵੇਅਰਾਂ ਨੂੰ ਮੁੱਖ ਦੋ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ।

**ਸਿਸਟਮ ਸਾਫਟਵੇਅਰ (System Software):** ਇਹ ਸਾਫਟਵੇਅਰ ਕੰਪਿਊਟਰ ਸਿਸਟਮ ਦੇ ਅੰਦਰੂਨੀ ਕੰਮਾਂ ਨੂੰ ਕੰਟਰੋਲ ਕਰਦੇ ਹਨ। ਜਿਵੇਂ ਆਪ੍ਰੇਟਿੰਗ ਸਿਸਟਮ (Operating System), ਡਿਵਾਇਸ ਡਰਾਇਵਰਜ਼ (Device Drivers) ਆਦਿ।

**ਐਪਲੀਕੇਸ਼ਨ ਸਾਫਟਵੇਅਰ (Application Software):** ਇਹ ਸਾਫਟਵੇਅਰ ਯੂਜ਼ਰ ਦੁਆਰਾ ਕਿਸੇ ਖਾਸ ਮੰਤਵ ਲਈ ਵਰਤੇ ਜਾਂਦੇ ਹਨ। ਹਰੇਕ ਕਿਸਮ ਦੇ ਕੰਮ ਲਈ ਵੱਖ-ਵੱਖ ਐਪਲੀਕੇਸ਼ਨ ਸਾਫਟਵੇਅਰ ਮੌਜੂਦ ਹਨ। ਜਿਵੇਂ ਵਰਡ ਪ੍ਰੋਸੈਸਰ (Word Processor), ਗ੍ਰਾਫਿਕਸ ਸਾਫਟਵੇਅਰ (Graphics Software), ਡੈਸਕਟਾਪ ਪਬਲੀਸ਼ਿੰਗ (Desktop Publishing) ਆਦਿ।

## Word of the Day is "**Software**"

"Software" means collection of instructions and data used to make a computer working. The relation between hardware and software is like body and soul. Hardware is all the physical parts of computer whereas software are those programs which make a computer to perform particular task. Software cannot be touched and having no weight. We can just feel them as per hardware works. If we have a wire as an example then we can say that wire is hardware and current passing through it can be considered as software. We can see wire but not current.

Softwares can be classified in two main categories:

**System Software:** These softwares control the internal functioning of a computer system. For example Operating System, Device Drivers etc.

**Application Software:** These softwares are used by user for a specific task. There is different software for each different type of work. For example: word processor, graphics software, desktop publishing etc.

## ਰੋਚਕ ਤੱਥ:-

**ਦੁਨੀਆ ਦਾ 90% ਪੈਸਾ ਕੰਪਿਊਟਰ ਸਾਫਟਵੇਅਰਾਂ ਵਿੱਚ ਡਾਟਾ ਦੇ ਰੂਪ ਵਿੱਚ ਸਟੋਰ ਹੈ। ਕੇਵਲ 10% ਪੈਸਾ ਹੀ ਭੌਤਿਕ ਰੂਪ ਵਿੱਚ ਹੈ।**

## Interesting Facts:-

**Total 90% of money of the world is stored into computer as a data. Only 10% money is in physical form.**



D.M.: Kuldeep Kaushal (Sangrur)    Sukhwinder Singh (GSSS(G), Sunam Udham Singh Wala)